# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
## ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਸਕੂਲ ਮੁਖੀ , (ਅੱਪਰ ਪ੍ਰਾਇਮਰੀ ਅਤੇ ਪ੍ਰਾਇਮਰੀ)

ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਜਨਰਲ/2023-24/2621 ਮਿਤੀ ਬਠਿੰਡਾ: 15.05.2023

**ਵਿਸ਼ਾ-** **ਸਾਲ 2023-25 ਲਈ ਮਿਤੀ 15.05.2023 ਤੋਂ 31.03.2025 ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਐਸ.ਐਮ.ਸੀ. ਦਾ ਗਠਨ ਕਰਨ ਸਬੰਧੀ।**

ਹਵਾਲਾ- ਦਫਤਰ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਐ.ਸਿ.), ਪੰਜਾਬ ਦੀ ਮੀਮੋ ਨੰ: **E/84946/DPIEE-SRVC010/1/2020-SERVICES-DPIEE/1229-31, ਮਿਤੀ ਸਅਸ ਨਗਰ 05.05.2023 ਅਤੇ ਮੀਮੋ ਨੰ E/84946/DPIEE-SRVC010/1/2020- SERVICES-DPIEE/1273, ਮਿਤੀ ਸਅਸ ਨਗਰ 12.05.2023**

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਦੀ ਧਾਰਾ 21 ਅਤੇ ਪੰਜਾਬ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਨਿਯਮ 2011 ਦੇ ਨਿਯਮ 13 ਅਧੀਨ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਇਲਾਵਾ ਹਰ ਇੱਕ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਪ੍ਰਾਪਤ ਹੋਈਆ ਸਨ ਹੁਣ ਉਕਤ ਹਵਾਲਾ ਅਧੀਨ ਅਨੈਕਚਰ ਬੀ (ਟਾਈਮਲਾਈਨ ਫਾਰ ਫਾਰਮੇਸ਼ਨ) ਵਿੱਚ ਅੰਸ਼ਿਕ ਸੋਧ ਕੀਤੀ ਗਈ ਹੈ। ਇਸ ਲਈ ਮੁਖ ਦਫਤਰ ਦੇ ਪੱਤਰ ਮਿਤੀ 05.05.2023 ਵਿੱਚ ਦਰਜ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ ਅਤੇ ਨਵੀਂ ਟਾਈਮ ਲਾਈਨ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਸਬੰਧੀ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

**ਨੱਥੀ- ਮੁਖ ਦਫਤਰ ਤੋਂ ਪ੍ਰਾਪਤ ਪੱਤਰ ਦੀ ਕਾਪੀ**

15/5/23

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।

ਪਿੰਠ ਅੰਕਣ ਨੰ:- ਮਿਤੀ- ਉਕਤ

ਉਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਾਰੇ ਸਕੂਲਾਂ ਵਿੱਚ ਸਮੇਂ ਸਿਰ ਅਤੇ ਉਕਤ ਹਦਾਇਤਾਂ ਅਨੁਸਾਰ ਐਸ.ਐਮ.ਸੀ. ਦਾ ਗਠਨ ਕਰਵਾਇਆ ਜਾਵੇ।

15/5/23

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।

ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਸਿ), ਪੰਜਾਬ, ਸਅਸ ਨਗਰ
ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ (ਸੇਵਾਵਾਂ ਸ਼ਾਖਾ)
Email Id: dpiee.service@punjabeducation.gov.in

8:33 PM

APC (G)

Most Imp./Via Website/Email

15/5/23

ਵੱਲ:-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ/ਸੈਸਿ),
ਉਪ-ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸਕੂਲ ਮੁਖੀ,
ਪੰਜਾਬ ਰਾਜ।

ਮੀਮੋ ਨੰ; ਈ-84946/DPIEE-SRVC010/1/2020-SERVICES-DPIEE/1273
ਮਿਤੀ: ਸਅਸ ਨਗਰ; 12/05/2023

**ਵਿਸ਼ਾ: ਸਾਲ 2023-25 (02 ਸਾਲ) ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ।**

ਹਵਾਲਾ: ਵਿਭਾਗ ਦੇ ਮੀਮੋ ਨੰ; ਈ-84946/DPIEE-SRVC010/1/2020-SERVICES-DPIEE/1229-31 ਮਿਤੀ 05/05/2023 ਦੀ ਲਗਾਤਾਰਤਾ ਵਿੱਚ।

1.0 ਵਿਸ਼ਾ ਅੰਕਿਤ ਮਾਮਲੇ ਸਬੰਧੀ ਵਿਭਾਗ ਵੱਲੋਂ ਹਵਾਲਾ ਅਧੀਨ ਪੱਤਰ ਮਿਤੀ 05/05/2023 ਰਾਹੀਂ ਸਾਲ 2023-25 (02 ਸਾਲ) ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ ਪੱਤਰ ਜਾਰੀ ਕੀਤਾ ਗਿਆ ਸੀ। ਜਿਸ ਸਬੰਧੀ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ), ਜਲੰਧਰ ਨੂੰ ਹਦਾਇਤ ਕੀਤੀ ਗਈ ਸੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਚੋਣ ਜਾਬਤਾ (code of conduct) ਦੀਆਂ ਹਦਾਇਤਾਂ ਦੀਆਂ ਪਾਲਣਾ ਕਰਦੇ ਹੋਏ Jalandhar Constituency ਨਾਲ ਸਬੰਧਤ Blocks ਦੀ SMC ਗਠਿਤ ਕਰਨ ਦੀ ਪ੍ਰਕਿਰਿਆ, ਚੋਣ ਪ੍ਰਕਿਰਿਆ ਖਤਮ ਹੋਣ ਉਪਰੰਤ ਮਿਤੀ 26/05/2023 ਤੱਕ ਹਰ ਪੱਖੋਂ ਮੁਕੰਮਲ ਕਰ ਲਈ ਜਾਵੇ।

2. ਉਕਤ ਜਾਰੀ ਕੀਤੇ ਗਏ ਪੱਤਰ ਨਾਲ ਨੱਥੀ Annexure-B (TIMELINE FOR FORMATION) ਨੱਥੀ ਕੀਤੀ ਗਈ ਸੀ, ਵਿੱਚ ਅੰਸਿਕ ਸੋਧ ਕੀਤੀ ਗਈ ਹੈ। ਇਸ ਲਈ ਪੱਤਰ ਮਿਤੀ 05/05/2023 ਵਿੱਚ ਦਰਜ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ ਅਤੇ ਨਵੀਂ TIMELINE ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਸਬੰਧੀ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਕੂਲ ਐਜੂਕੇਸ਼ਨ**
**(ਐਲੀਮੈਂਟਰੀ), ਪੰਜਾਬ**

ਪਿੱਠ ਅੰਕਣ ਨੰ; ਉਕਤ
ਮਿਤੀ: 12/05/2023

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਨਿਜੀ ਸਹਾਇਕ ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿਜੀ ਸਹਾਇਕ ਟੂ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ।
4. ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਸਅਸ ਨਗਰ।
6. ਸੁਪਰਡੰਟ, ਪੰਜਾਬ ਸਰਕਾਰ, ਸਿੱਖਿਆ ਵਿਭਾਗ, ਸਿੱਖਿਆ-7 ਸ਼ਾਖਾ।
7. ਨਿਜੀ ਸਹਾਇਕ ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
8. ਡੀ.ਐਮ., ਐਮ.ਆਈ.ਐਸ. ਵਿੰਗ, ਦ.ਡੀ.ਜੀ.ਐਸ.ਈ., ਪੰਜਾਬ, ਸਅਸ ਨਗਰ ਨੂੰ Website ਤੇ ਅਪਲੋਡ ਕਰਨ ਹਿੱਤ।

Annexure-B

REVISED TIMELINE: 12/05/2023

FOR FORMATION OF SCHOOL MANAGEMENT COMMITTEES

| ਲੜੀ ਨੰ; | ਮਿਤੀ | ਗਤੀਵਿਧੀ | ਜਿੰਮੇਵਾਰ ਵਿਅਕਤੀ |
|---|---|---|---|
| 1. | 5th to 8th May, 2023 | • ਸਕੂਲ ਮੁਖੀ ਵੱਲੋਂ ਮਾਪਿਆਂ ਨੂੰ ਬੱਚਿਆਂ ਰਾਹੀਂ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਦਾ ਸੱਦਾ ਪੱਤਰ ਦਿੱਤਾ ਜਾਵੇਗਾ। | ਸਕੂਲ ਮੁਖੀ |
| 2. | 9th May, 2023 TUESDAY | • ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਸਕੂਲ ਮੁਖੀ ਵੱਲੋਂ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ Nominations ਲਈ ਸਕੂਲ ਵਿੱਚ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਨਾਲ SMC ਦੇ ਕੰਮਕਾਜ, ਜਿੰਮੇਵਾਰੀਆਂ ਅਤੇ ਰੋਲ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।<br>• ਐਸ.ਐਮ.ਸੀ. ਕਮੇਟੀ ਦੇ ਮੈਂਬਰ ਬਨਣ ਦੇ ਚਾਹਵਾਨ ਮਾਪਿਆਂ ਨੂੰ ਨਾਮਜਦ ਹੋਣ ਦਾ ਮੌਕਾ ਦਿੱਤਾ ਜਾਵੇਗਾ। ਸਕੂਲਮੁਖੀ, ਮਾਪਿਆਂ ਨੂੰ ਐਸ.ਐਮ.ਸੀ. ਦਾ ਹਿੱਸਾ ਬਨਣ ਲ ਈ ਪ੍ਰੇਰਿਤ ਕਰੇਗਾ ਅਤੇ ਵਿਸ਼ੇਸ਼ਤਾਵਾਂ ਬਾਰੇ ਸਟੀਕ ਜਾਣਕਾਰੀ ਮੁਹੱਇਆ ਕਰਾਏਗਾ।<br>• ਸਕੂਲ ਮੁਖੀ ਵੱਲੋਂ ਸਿੱਖਿਆ ਸਭਾ ਦੌਰਾਨ ਆਏ ਮੈਂਬਰਾਂ ਦਾ **ਅਨੁਲੱਗ-ਡੀ** ਭਰਵਾਇਆ ਜਾਵੇਗਾ।<br>• ਉਪਰੰਤ ਸਕੂਲ ਮੁਖੀ ਵੱਲੋਂ ਐਸ.ਐਮ.ਸੀ ਮੈਂਬਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਜਾਵੇਗਾ। | ਸਕੂਲ ਮੁਖੀ |
| 3. | 17th May, 2023, WEDNESDAY | • ਸਕੂਲ ਮੁਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ Special Invitees ਵੱਲੋਂ ਆਪਣੀਆਂ ਨਾਮਜ਼ਦਗੀਆਂ ਦਾਇਰ ਕੀਤੀਆਂ ਗਈਆਂ ਹਨ। | ਸਕੂਲ ਮੁਖੀ |
| 4. | 22nd May, 2023, MONDAY | • ਸਿੱਖਿਆ ਸਭਾ ਵਾਲੇ ਦਿਨ ਸਕੂਲ ਮੁਖੀ ਵੱਲੋਂ ਮੀਟਿੰਗ ਵਿੱਚ ਸ਼ਾਮਿਲ ਹੋਣ ਆਏ ਮਾਪਿਆਂ ਸਰਪ੍ਰਸਤਾਂ, ਮੈਂਬਰਾਂ ਨੂੰ ਰਿਫ਼ਰੈਸ਼ਮੈਂਟ ਦਿੱਤੀ ਜਾਵੇਗੀ।<br>• ਸਕੂਲ ਮੁਖੀ ਵੱਲੋਂ ਚੁਣੇ ਹੋਏ **ਮੈਂਬਰਾਂ ਦਾ ਪਤਾ ਅਤੇ ਹਸਤਾਖ਼ਰ ਅਨੁਲੱਗ-ਸੀ** ਵਿੱਚ ਦਰਜ ਕੀਤੇ ਜਾਣਗੇ।<br>• ਉਪਰੰਤ ਸਕੂਲ ਮੁਖੀ ਵੱਲੋਂ ਐਸ.ਐਮ.ਸੀ ਮੈਂਬਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਜਾਵੇਗਾ। | ਸਕੂਲ ਮੁਖੀ |
| 5. | 24th May, 2023, WEDNESDAY | • ਸਕੂਲ ਮੁਖੀ ਵੱਲੋਂ ਇਹ ਸੁਨਿਸਚਿਤ ਕੀਤਾ ਜਾਵੇਗਾ ਕਿ Special Invitees (Social Worker and Educationist) ਦੀ ਚੋਣ ਜਿਲ੍ਹਾ ਸਿੱਖਿਆ ਅਫ਼ਸਰ ਦੀ ਸਹਿਮਤੀ ਨਾਲ ਉਚਿਤ ਚੋਣ ਪ੍ਰਕਿਰਿਆ ਅਤੇ ਮਾਪਦੰਡਾਂ ਦੁਆਰਾ ਕੀਤੀ ਗਈ ਹੈ। | ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ), ਸਕੂਲ ਮੁਖੀ |
| 6. | 26th May, 2023, FRIDAY | • ਸਕੂਲ ਮੁਖੀ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦੇ ਨਵ-ਨਿਯੁਕਤ ਮੈਂਬਰਾਂ ਅਤੇ Special Invitees ਦੇ ਵੇਰਵਿਆਂ ਨੂੰ e-punjab portal ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇਗਾ। | ਸਕੂਲ ਮੁਖੀ |
| 7. | 27th May, 2023, SATURDAY | • ਕਮੇਟੀ ਦੀ ਬਣਤਰ ਹੋਣ ਉਪਰੰਤ ਪਹਿਲੀ ਮੀਟਿੰਗ ਲਈ Special Invitees ਅਤੇ SMC ਮੈਂਬਰਾਂ ਨੂੰ ਸੱਦਾ ਦਿੱਤਾ ਜਾਵੇਗਾ ਅਤੇ ਉਨ੍ਹਾਂ | ਸਕੂਲ ਮੁਖੀ |